# ਪੰਜਾਬੀ ਯੂਨੀਵਰਸਿਟੀ,ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

(ਕਾਲਜ ਸੈਕਸ਼ਨ)

ਨੰ. 2978-79 /ਕਾਲਜਾਂ/ਸ-1

ਮਿਤੀ 21/5/2018

1. ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ
2. ਡਾਇਰੈਕਟਰ, ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜਿਜ਼ ਨੂੰ (ਕਾਂਸਟੀਚੂਐਂਟ ਕਾਲਜਾਂ ਨੂੰ ਸਰਕੂਲੇਟ ਕਰਨ ਹਿਤ)

ਵਿਸ਼ਾ: ਸੈਸ਼ਨ 2018-19 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ਲਾਅ/ਮੈਨੇਜਮੈਂਟ/ ਟੈਕਨਾਲੋਜੀ/ ਡਿਗਰੀ ਅਤੇ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦੇ ਸ਼ਡਿਊਲ ਵਿਚ ਸੋਧ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਦਫਤਰ ਵੱਲੋਂ ਪਹਿਲਾਂ ਜਾਰੀ ਸਰਕੂਲਰ ਪੱਤਰ ਨੰ: 2427/ਕਾਲਜਾਂ/ਸ-1 ਮਿਤੀ 20.04.2018 ਦੀ ਲਗਾਤਾਰਤਾ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਸੈਸ਼ਨ 2018-19 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ ਲਾਅ/ਮੈਨੇਜਮੈਂਟ/ ਟੈਕਨਾਲੋਜੀ/ ਡਿਗਰੀ ਅਤੇ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦੇ ਪਹਿਲਾਂ ਨਿਰਧਾਰਤ ਸ਼ਡਿਊਲ ਵਿਚ ਨਿਮਨਲਿਖਤ ਅਨੁਸਾਰ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

1. ਸਮੂਹ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ:

    1. ਗਰਮੀ ਦੀਆਂ ਛੁੱਟੀਆਂ ਮਿਤੀ 28.05.2018 ਤੋਂ 07.07.2018 ਦੀ ਥਾਂ ਤੇ ਮਿਤੀ 04.06.2018 ਤੋਂ 14.07.2018 ਤੱਕ ਹੋਣਗੀਆਂ।

2. ਆਰਟਸ/ਸਾਇੰਸ/ਕਾਮਰਸ/ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜਾਂ ਵਿਖੇ ਦਾਖਲਿਆਂ ਦਾ ਸੋਧ ਉਪਰੰਤ ਸ਼ਡਿਊਲ :

| | | |
|---|---|---|
| i) | ਕਾਲਜ ਖੁੱਲਣ ਦੀ ਮਿਤੀ | 16.07.2018 |
| ii) | ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ | 16.07.2018 ਤੋਂ 23.07.2018 ਤੱਕ (ਬਿਨਾਂ ਲੇਟ ਫੀਸ) |
| iii) | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 24.07.18 ਤੋਂ 03.08.18 ਤੱਕ |
| iv) | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 04.08.18 ਤੋਂ 10.08.18 ਤੱਕ |
| v) | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 11.08.18 ਤੋਂ 20.08.18 ਤੱਕ |
| vi) | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 21.08.18 ਤੋਂ 31.08.18 ਤੱਕ |

ਨੋਟ:- ਬਾਕੀ ਸ਼ਡਿਊਲ ਵਿਚਲੀਆਂ ਮਿਤੀਆਂ/ਸ਼ਰਤਾਂ/ਹਦਾਇਤਾਂ ਪਹਿਲਾਂ ਜਾਰੀ ਸਰਕੂਲਰ ਪੱਤਰ ਨੰ: 2427/ਕਾਲਜਾਂ/ਸ-1 ਮਿਤੀ 20.04.2018 ਅਨੁਸਾਰ ਹੀ ਰਹਿਣਗੀਆਂ।

21-5-18

ਡੀਨ, ਕਾਲਜ ਵਿਕਾਸ ਕੌਂਸਲ